ਨਿਊਜ਼ ਰਿਲੀਜ਼

# ਗਰਾਂਟਾਂ ਬਹੁ-ਸੱਭਿਆਚਾਰਵਾਦ ਨੂੰ ਬੜ੍ਹਾਵਾ ਦਿੰਦੀਆਂ ਅਤੇ ਨਸਲਵਾਦ ਨਾਲ ਸਿੜਦੀਆਂ ਹਨ

04ਨਵੰਬਰ, 2024 ਮੀਡੀਆ ਇੰਨਕੁਆਰੀਆਂ

## ਐਲਬਰਟਾ ਦੇ ਨਸਲੀ-ਸੱਭਿਆਚਾਰਕ ਅਤੇ ਨਸਲਵਾਦ ਵਿਰੋਧੀ ਗਰਾਂਟਾਂ ਦੇ ਪ੍ਰੋਗਰਾਮਾਂ ਲਈ ਅਰਜ਼ੀਆਂ 4 ਨਵੰਬਰ ਨੂੰ ਖੁੱਲ੍ਹਦੀਆਂ ਹਨ, ਜਿੰਨ੍ਹਾਂ ਦਾ ਉਦੇਸ਼ ਐਲਬਰਟਾ ਦੀ ਵਿਭਿੰਨਤਾ ਦਾ ਜਸ਼ਨ ਮਨਾਉਣ ਅਤੇ ਨਸਲਵਾਦ ਨਾਲ ਨਜਿੱਠਣ ਵਾਲੀਆਂ ਕਮਿਊਨਿਟੀ-ਅਧਾਰਿਤ ਪਹਿਲਕਦਮੀਆਂ ਦਾ ਸਮਰਥਨ ਕਰਨਾ ਹੈ।

**ਐਲਬਰਟਾ** ਦੇ ਵਿਭਿੰਨ ਸੱਭਿਆਚਾਰਕ ਭਾਈਚਾਰੇ ਬਹੁਤ ਸਾਰੀਆਂ ਚੀਜ਼ਾਂ ਵਿੱਚੋਂ ਇੱਕ ਹਨ ਜੋ ਸੂਬੇ ਨੂੰ ਰਹਿਣ, ਕੰਮ ਕਰਨ ਅਤੇ ਪਰਿਵਾਰ ਪਾਲਣ ਲਈ ਇੱਕ ਵਧੀਆ ਸਥਾਨ ਬਣਾਉਂਦੇ ਹਨ। ਤਿੰਨ ਸਾਲਾਂ ਵਿੱਚ $13.5 ਮਿਲੀਅਨ ਤੱਕ ਦੋ ਗਰਾਂਟ ਪ੍ਰੋਗਰਾਮਾਂ ਦੁਆਰਾ ਬਹੁ-ਸੱਭਿਆਚਾਰਵਾਦ ਅਤੇ ਅੰਤਰ-ਸੱਭਿਆਚਾਰਕ ਸਬੰਧਾਂ ਦੇ ਮੁੱਲਾਂ ਅਤੇ ਫਾਇਦਿਆਂ ਨੂੰ ਉਤਸ਼ਾਹਿਤ ਕਰਨ ਵਿੱਚ ਭਾਈਚਾਰਕ ਸੰਸਥਾਵਾਂ ਅਤੇ ਇੰਡਿਜਨਸ ਭਾਈਚਾਰਿਆਂ ਦੀ ਸਹਾਇਤਾ ਲਈ ਸਮਰਪਿਤ ਕੀਤਾ ਗਿਆ ਹੈ।

"ਸਾਡੀ ਸਰਕਾਰ ਸੱਭਿਆਚਾਰਕ ਪਿਛੋਕੜ ਜਾਂ ਮੂਲ ਦੀ ਪਰਵਾਹ ਕੀਤੇ ਬਿਨਾਂ, ਸਾਰੇ **ਐਲਬਰਟਾ** ਵਾਸੀਆਂ ਲਈ ਸਤਿਕਾਰ ਅਤੇ ਸੰਮਿਲਨ ਨੂੰ ਉਤਸ਼ਾਹਿਤ ਕਰਨ ਅਤੇ ਵਧਾਉਣ ਲਈ ਭਾਈਚਾਰਿਆਂ ਨਾਲ ਕੰਮ ਕਰਨ ਲਈ ਵਚਨਬੱਧ ਹੈ। ਇਹ ਗਰਾਂਟਾਂ ਸਥਾਨਕ ਤੌਰ 'ਤੇ ਸੰਚਾਲਿਤ ਪਹਿਲਕਦਮੀਆਂ ਦਾ ਸਮਰਥਨ ਕਰਦੀਆਂ ਹਨ ਜੋ **ਐਲਬਰਟਾ** ਵਿੱਚ ਸਾਡੇ ਬਹੁ-ਸੱਭਿਆਚਾਰਕ ਭਾਈਚਾਰਿਆਂ ਅਤੇ ਇੰਡਿਜਨਸ ਅਤੇ ਮੈਟਿਸ ਲੋਕਾਂ ਦਾ ਸਨਮਾਨ ਕਰਦੀਆਂ ਹਨ, ਇੱਕ ਮਜ਼ਬੂਤ ਅਤੇ ਸੰਮਲਿਤ ਸਮਾਜ ਬਣਾਉਣ ਵਿੱਚ ਮਦਦ ਕਰਦੀਆਂ ਹਨ।"

*Muhammad Yaseen, ਮਿਨਿਸਟਰ ਆਫ ਇੰਮੀਗਰੇਸ਼ਨ ਐਂਡ ਮਲਟੀਕਲਚਰਲਿਜ਼ਮ*

## ਐਥਨੋਕਲਚਰਲ ਗਰਾਂਟ ਪ੍ਰੋਗਰਾਮ

**ਐਲਬਰਟਾ** ਦੇ ਨਸਲੀ-ਸੱਭਿਆਚਾਰਕ ਗਰਾਂਟ ਪ੍ਰੋਗਰਾਮ ਵਿੱਚ ਭਾਈਚਾਰਿਆਂ ਦੀ ਅਗਵਾਈ ਵਾਲੀਆਂ ਪਹਿਲਕਦਮੀਆਂ ਦਾ ਸਮਰਥਨ ਕਰਨ ਲਈ ਦੋ ਧਾਰਾਵਾਂ ਹਨ ਜੋ **ਐਲਬਰਟਾ** ਦੀ ਬਹੁ-ਸੱਭਿਆਚਾਰਕ ਵਿਭਿੰਨਤਾ ਅਤੇ ਸੰਮਿਲਨ ਨੂੰ ਉਤਸ਼ਾਹਿਤ ਕਰਦੀਆਂ ਹਨ, ਜਿਸ ਵਿੱਚ ਇੰਡਿਜਨਸ ਭਾਈਚਾਰਕ ਸੰਸਥਾਵਾਂ ਨੂੰ ਉਹਨਾਂ ਦੇ ਅਮੀਰ ਸਭਿਆਚਾਰ ਅਤੇ ਵਿਰਾਸਤ ਨੂੰ ਮਨਾਉਣ

ਅਤੇ ਸਾਂਝਾ ਕਰਨ ਵਿੱਚ ਸਹਾਇਤਾ ਕਰਨਾ ਸ਼ਾਮਲ ਹੈ।

- ਸਟ੍ਰੀਮ 1 ਉਹਨਾਂ ਪ੍ਰਾਜੈਕਟਾਂ ਲਈ 50,000 ਡਾਲਰ ਤੱਕ ਪ੍ਰਦਾਨ ਕਰਦੀ ਹੈ ਜਿਹੜੇ ਅੰਤਰ-ਸੱਭਿਆਚਾਰਕ ਸਬੰਧਾਂ ਅਤੇ ਨਸਲੀ-ਸੱਭਿਆਚਾਰੀ ਤੇ ਇੰਡਿਜਨਸ ਗਰੁੱਪਾਂ ਲਈ ਮੌਕੇ ਪੈਦਾ ਕਰਦੇ ਹਨ।
- ਸਟ੍ਰੀਮ 2 ਉਹਨਾਂ ਪ੍ਰਾਜੈਕਟਾਂ ਲਈ 15,000 ਡਾਲਰ ਤੱਕ ਪ੍ਰਦਾਨ ਕਰਦੀ ਹੈ ਜਿਹੜੇ ਵਿਭਿੰਨਤਾ ਦੇ ਜਸ਼ਨ ਮਨਾਉਣ ਦੇ ਮੌਕੇ ਪੈਦਾ ਕਰਦੇ ਹਨ।

# ਨਸਲਵਾਦ-ਵਿਰੋਧੀ ਗਰਾਂਟ ਪ੍ਰੋਗਰਾਮ

**ਐਲਬਰਟਾ** ਦੇ ਨਸਲਵਾਦ ਵਿਰੋਧੀ ਗਰਾਂਟ ਪ੍ਰੋਗਰਾਮ ਵਿੱਚ ਭਾਈਚਾਰੇ ਦੀ ਅਗਵਾਈ ਵਾਲੀਆਂ ਪਹਿਲਕਦਮੀਆਂ ਦਾ ਸਮਰਥਨ ਕਰਨ ਲਈ ਦੋ ਧਾਰਾਵਾਂ ਹਨ ਜੋ ਨਸਲਵਾਦ ਨੂੰ ਹੱਲ ਕਰਨ ਅਤੇ ਰੋਕਣ ਵਿੱਚ ਮਦਦ ਕਰਦੀਆਂ ਹਨ ਅਤੇ **ਐਲਬਰਟਾ** ਵਿੱਚ ਵਧੇਰੇ ਸਮਾਵੇਸ਼ੀ ਅਤੇ ਸਵੀਕਾਰ ਕਰਨ ਵਾਲੇ ਬਹੁ-ਸੱਭਿਆਚਾਰਕ ਭਾਈਚਾਰਿਆਂ ਨੂੰ ਉਤਸ਼ਾਹਤ ਕਰਦੀਆਂ ਹਨ।

- ਸਟ੍ਰੀਮ 1 ਉਹਨਾਂ ਪ੍ਰਾਜੈਕਟਾਂ ਲਈ 5,000 ਡਾਲਰ ਤੱਕ ਪ੍ਰਦਾਨ ਕਰਦੀ ਹੈ ਜਿਹੜੇ ਇੰਡਿਜਨਸ ਤੇ ਨਸਲੀਕ੍ਰਿਤ ਗਰੁੱਪਾਂ ਨੂੰ ਦਰਪੇਸ਼ ਨਸਲਵਾਦ ਦੇ ਪ੍ਰਭਾਵਾਂ ਬਾਰੇ ਸੁਚੇਤਨਾਂ ਪੈਦਾ ਕਰਦੇ ਹਨ।
- ਸਟ੍ਰੀਮ 2 ਕਮਿਊਨਿਟੀ ਦੀ ਅਗਵਾਈ ਵਿਚਲੇ ਨਸਲਵਾਦ ਵਿਰੋਧੀ ਪ੍ਰਾਜੈਕਟਾਂ ਨੂੰ ਸਹਾਇਤਾ ਦੇਣ ਲਈ 10,000 ਡਾਲਰ ਤੱਕ ਪ੍ਰਦਾਨ ਕਰਦੀ ਹੈ।

ਇਸ ਪਿਛਲੀ ਬਹਾਰ ਰੁੱਤੇ, ਨਸਲੀ-ਸੱਭਿਆਚਾਰਕ ਗਰਾਂਟ ਪ੍ਰੋਗਰਾਮ ਨੇ ਅੰਤਰ-ਸੱਭਿਆਚਾਰਕ ਜਾਗਰੂਕਤਾ ਵਧਾਉਣ ਲਈ ਪ੍ਰੋਗਰਾਮ ਪ੍ਰਦਾਨ ਕਰਨ ਲਈ ਕੁੱਲ 5.1 ਮਿਲੀਅਨ ਡਾਲਰ ਦੇ ਨਾਲ 182 ਪ੍ਰਾਜੈਕਟਾਂ ਦਾ ਸਮਰਥਨ ਕੀਤਾ, ਅਤੇ 49 ਨਸਲਵਾਦ ਵਿਰੋਧੀ ਪਹਿਲਕਦਮੀਆਂ ਨੂੰ ਨਸਲਵਾਦ ਵਿਰੋਧੀ ਗਰਾਂਟ ਪ੍ਰੋਗਰਾਮ ਦੁਆਰਾ ਕੁੱਲ 424,000 ਡਾਲਰ ਫੰਡ ਪ੍ਰਾਪਤ ਹੋਏ।

# ਸਬੰਧਿਤ ਜਾਣਕਾਰੀ

- Alberta.ca/ethnocultural-grant
- Alberta.ca/anti-racism-grant

# ਮੀਡੀਆ ਇੰਨਕੁਆਰੀਆਂ


### Neil Singh

780-644-2212
ਪ੍ਰੈੱਸ ਸੈਕਰੇਟਰੀ, ਇੰਮੀਗਰੇਸ਼ਨ ਐਂਡ ਮਲਟੀਕਲਚਰਲਿਜ਼ਮ